weeklypoetry.com

**Exam. Code : 108506**
**Subject Code : 2060**

**B.Com. 6th Semester**

**PUNJABI (Compulsory)**

**Paper–BCG–602 (i)**

Time Allowed—2 Hours] [Maximum Marks—50

**ਨੋਟ :—** ਕੋਈ **ਚਾਰ** ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

1. 'ਚੋਰ ਕਰਨ ਨਿੱਤ ਚੋਰੀਆਂ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

2. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

   ਸਿੰਘ ਸਾਰਿਆਂ ਬੈਠ ਗੁਰਮਤਾ ਕੀਤਾ,
   ਚਲੋ ਜਾਏ ਫਰੰਗੀ ਨੂੰ ਮਾਰੀਏ ਜੀ।
   ਇਕ ਵਾਰ ਜੇ ਸਾਹਮਣੇ ਹੋਏ ਸਾਡੇ,
   ਇਕ ਘੜੀ ਵਿਚ ਪਾਰ ਉਤਾਰੀਏ ਜੀ।
   ਭਾਈ ਵੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ,
   ਅਸੀਂ ਕਦੀ ਨ ਓਸ ਤੋਂ ਹਾਰੀਏ ਜੀ।
   ਸ਼ਾਹ ਮੁਹੰਮਦਾ, ਮਾਰ ਕੇ ਲੁਧਿਆਣਾ,
   ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ।

3. 'ਧਰਤੀਆਂ ਦੇ ਗੀਤ' ਸਫ਼ਰਨਾਮੇ ਦੇ ਸਮਾਜ-ਸਭਿਆਚਾਰਕ ਪਰਿਪੇਖ 'ਤੇ ਚਰਚਾ ਕਰੋ।

4. 'ਧਰਤੀਆਂ ਦੇ ਗੀਤ' ਦੇ ਵਿਧਾਗਤ ਸਰੂਪ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਪ੍ਰਸਤੁਤ ਕਰੋ।



weeklypoetry.com

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਲੇਖ ਲਿਖੋ :

(ੳ) ਇੰਟਰਨੈੱਟ ਦੇ ਲਾਭ ਅਤੇ ਹਾਨੀਆਂ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਮਾਂ-ਬੋਲੀ ਦਾ ਮਹੱਤਵ।

6. ਹੇਠ ਲਿਖੇ ਪੈਰ੍ਹੇ ਦਾ ਸੰਖੇਪ ਰਚਨਾ ਕਰੋ ਅਤੇ ਇਸਦਾ ਢੁੱਕਵਾਂ ਸਿਰਲੇਖ ਲਿਖੋ :

ਮਜ਼ਹਬ ਸਭ ਥੀਂ ਉੱਚਾ, ਸੁੱਚਾ ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ। ਇਸ ਅੰਦਰੂਨੀ ਉੱਚੀ ਸੁਰਤ ਦੇ ਖੇਤ ਨੂੰ ਰਸਮਾਂ, ਰਵਾਜਾਂ, ਕਾਨੂੰਨਾਂ ਪਾਪ, ਪੁੰਨਯ ਦੀਆਂ ਬਹਿਸਾਂ, ਜਗਤ ਦੀ ਉਤਪੱਤੀ ਤੇ ਲੈ ਹੋਣ ਦੀ ਫਿਲਾਸਫੀ ਤੇ ਝਗੜਿਆਂ ਵਿਚ ਸੁੱਟ ਕੇ ਕਦੀ ਕੁਛ ਕਹਿਣਾ, ਕਦੀ ਕੁਛ ਕਹਿਣਾ ਤੇ ਮਨ ਘੜਤ ਗੱਲਾਂ ਦੀਆਂ ਕੂੜੀਆਂ ਉਲਝਣਾਂ ਵਿਚ ਇਹ ਭੁੱਲ ਜਾਣਾ ਕਿ ਮਜ਼ਹਬ ਇਕ ਧਿਆਨੀ ਪਿਆਰ ਹੈ, ਸਾਡੇ, ਆਪਣੇ ਨਵੇਂ ਵਲਵਲਿਆਂ ਦਾ ਨਤੀਜਾ ਹੈ- ਹਰ ਕੋਈ ਕਿਸੇ ਨਾ ਕਿਸੀ ਪਿਆਰ ਵਿਚ ਰਹਿੰਦਾ, ਜੀਂਦਾ ਤੇ ਸਵਾਸ ਲੈਂਦਾ ਹੈ- ਆਪੋ ਆਪਣੀ ਸਥਿਤੀ ਮੁਤਾਬਕ ਹਰ ਇਕ ਬੰਦੇ ਦਾ ਆਪਣਾ ਅੰਦਰ ਦਾ ਮਜ਼ਹਬ ਅਰਥਾਤ ਪਿਆਰ ਦੀ ਟੇਕ, ਬਣਦਾ ਹੈ। ਇਹ ਟੇਕ ਆਪ-ਮੁਹਾਰੀ ਬਣਦੀ ਹੈ। ਇਹ ਜੇਹੜੀ ਗੱਲ ਹੈ ਨਾ, ਕਿ ਫਲਣਾ ਹਿੰਦੂ, ਈਸਾਈ, ਮੁਸਲਮਾਨ ਯਾ ਸਿੱਖ ਯਾ ਬਊਧ ਯਾ ਜੈਨ ਹੈ, ਇਕ ਕਥਨੀ ਮਾਤ ਗੱਲ ਹੈ, ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਬਹੁ-ਸਾਰਿਆਂ ਨੂੰ ਮਜ਼ਹਬ ਦੀ ਕੈੜ ਹੀ ਨਾ ਹੋਵੇ। ਸਾਰੀ ਉਮਰ ਕਈ ਨਾਂ ਧਰ ਧਰ ਇਕ ਕਿਸਮ ਦੀ ਮਿੱਟੀ ਲਿਬੜੀ ਜਹਾਲਤ ਦੀ ਬੇਹੋਸ਼ੀ ਜਿਹੀ ਵਿਚ ਲੰਘ ਜਾਵੇ।

7. ਪੰਜਾਬੀ ਭਾਸ਼ਾ ਦੇ ਲਿੰਗ-ਪ੍ਰਬੰਧ 'ਤੇ ਚਰਚਾ ਕਰੋ।

8. ਕਿਰਿਆ ਵਾਕੰਸ਼ ਦੀ ਪਰਿਭਾਸ਼ਾ ਅਤੇ ਕਿਸਮਾਂ 'ਤੇ ਨੋਟ ਲਿਖੋ।


weeklypoetry.com